aglasem.com

Rajasthan Board

QUESTION PAPER

Sl.No. :

नामांक Roll No.

No. of Questions – 22
No. of Printed Pages – 07

S-75-Punjabi (T.L.)

Tear Here

माध्यमिक परीक्षा, 2023

SECONDARY EXAMINATION, 2023

पंजाबी

PUNJABI

(THIRD LANGUAGE)

Time : 3 Hours 15 Minutes

Maximum Marks : 80

प्रश्न पत्र को खोलने के लिए यहाँ फाड़ें
TEAR HERE TO OPEN THE QUESTION PAPER

ਪ੍ਰੀਖਿਆਰਥੀਆਂ ਲਈ ਆਮ ਹਦਾਇਤਾਂ :

1. ਪ੍ਰੀਖਿਆਰਥੀ ਸਭ ਤੋਂ ਪਹਿਲਾਂ ਆਪਣੇ ਪ੍ਰਸ਼ਨ-ਪੱਤਰ 'ਤੇ ਆਪਣਾ ਰੋਲ ਨੰਬਰ ਜ਼ਰੂਰ ਲਿਖਣ ।

2. ਸਾਰੇ ਪ੍ਰਸ਼ਨ ਹੱਲ ਕਰਨੇ ਜ਼ਰੂਰੀ ਹਨ । ਸਾਰੇ ਪ੍ਰਸ਼ਨਾਂ ਦੇ ਅੰਕ ਸਹਾਮਣੇ ਅੰਕਿਤ ਹਨ । ਪ੍ਰਸ਼ਨ ਨੰਬਰ 16 ਤੋਂ 22 ਤੱਕ ਆਂਤਰਿਕ ਵਿਕੱਲਪ ਹਨ ।

3. ਹਰ ਇੱਕ ਪ੍ਰਸ਼ਨ ਦਾ ਉੱਤਰ ਦਿੱਤੀ ਉੱਤਰ-ਪੁਸਤਿਕਾ 'ਤੇ ਹੀ ਲਿਖੋ । ਜਿਨ੍ਹਾਂ ਪ੍ਰਸ਼ਨਾਂ ਦੇ ਇੱਕ ਤੋਂ ਵੱਧ ਬਰਾਬਾਰ ਅੰਕ ਵਾਲੇ ਭਾਗ ਹਨ, ਉਨ੍ਹਾਂ ਸਾਰਿਆਂ ਭਾਗਾਂ ਦਾ ਹੱਲ ਇੱਕ ਥਾਂ 'ਤੇ ਇੱਕ ਹੀ ਤਰਤੀਬ ਵਿੱਚ ਲਿਖੋ ।

यहाँ से काटिए

ਖੰਡ – ਓ

1. ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਵਿਕਲਪ ਦੀ ਚੋਣ ਕਰੋ : **[12 × 1 = 12]**

i) ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ ॥
ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ ॥
ਉਪਰੋਤਕ ਸਤਰ੍ਹਾਂ ਕਿਸ ਕਵੀ ਦੀਆਂ ਹਨ :

ੳ) ਭਾਈ ਗੁਰਦਾਸ ਅ) ਗੁਰੂ ਰਾਮਦਾਸ ਜੀ

ੲ) ਗੁਰੂ ਨਾਨਕ ਦੇਵ ਜੀ ਸ) ਸ਼ੇਖ ਫ਼ਰੀਦ

ii) 'ਰੁੱਖ' ਕਵਿਤਾ ਦਾ ਕਵੀ ਹੈ :

ੳ) ਭਾਈ ਵੀਰ ਸਿੰਘ ਅ) ਪ੍ਰੋ. ਮੋਹਨ ਸਿੰਘ

ੲ) ਸ਼ਿਵ ਕੁਮਾਰ ਬਟਾਲਵੀ ਸ) ਸੁਰਜੀਤ ਪਾਤਰ

iii) ਗੁਰੂ ਨਾਨਕ ਦੇਵ ਜੀ ਦੀ ਰਚਨਾ ਹੈ :

ੳ) ਸਿੰਮਲ ਰੁਖੁ ਸਰਾਇਰਾ ਅ) ਮਨ ਤੂੰ ਜੋਤਿ ਸਰੂਪੁ ਹੈ

ੲ) ਏ ਸਰੀਰਾ ਮੇਰਿਆ ਸ) ਲਾਵਾਂ

iv) ਨਾ ਮੈਂ ਅਰਬੀ ਨਾ ਲਾਹੌਰੀ,
ਨਾ ਮੈਂ ਹਿੰਦੀ ਸ਼ਹਿਰ ਨਗੌਰੀ,
ਨਾ ਹਿੰਦੂ ਨਾ ਤੁਰਕ ਮਸ਼ੋਰੀ,
ਨਾ ਮੈਂ ਰਹਿੰਦਾ ਵਿੱਚ ਨਦੌਨ ।
ਇਹ ਸਤਰ੍ਹਾਂ ਕਿਸ ਕਵਿਤਾ ਵਿੱਚੋਂ ਹਨ :

ੳ) ਆਓ ਮਣੀਓ ਰਲ ਦਿਉ ਨੀ ਵਧਾਈ

ਅ) ਬੁੱਲ੍ਹਾ ਕੀ ਜਾਣਾ ਮੈਂ ਕੌਣ

ੲ) ਬਸ ਕਰ ਜੀ ਹੁਣ ਬਸ ਕਰ ਜੀ

ਸ) ਇਕਨਾ ਮਹਲ ਉਸਾਰੇ

v) 'ਗੰਗਾਦੀਨ' ਨਿਬੰਧ ਦਾ ਨਿਬੰਦਕਾਰ ਹੈ :

ੳ) ਪ੍ਰਿ. ਤੇਜਾ ਸਿੰਘ ਅ) ਪ੍ਰੋ. ਪੂਰਨ ਸਿੰਘ

ੲ) ਹਰਪਾਲ ਸਿੰਘ-ਲੱਖੀਆਂ ਸ) ਹਰਪ੍ਰੀਤ ਕੌਰ

vi) ਜਣਨੀ ਜਣੇ ਤਾਂ ਭਗਤ ਜਨ ਕਿ ਦਾਤਾ ਕਿ ਸ਼ੂਰ

ਨਹੀਂ ਤਾਂ ਜਣਨੀ ਬਾਂਝ ਰਹੇ ਕਾਹੇ ਗਵਾਵੈ ਨੂਰ

ਇਹ ਲਾਈਨਾਂ ਕਿਹੜੇ ਨਿਬੰਧ 'ਚ ਵਰਤੀਆਂ ਗਈਆਂ ਹਨ :

ੳ) ਭਾਈ ਮਰਦਾਨਾ ਜੀ ਅ) ਰਾਜਸਥਾਨ ਕੇ ਪ੍ਰਸਿੱਧ ਕਿਲ੍ਹੇ

ੲ) ਕਿਰਤ ਸ) ਮਹਾਰਾਜਾ ਗੰਗਾ ਸਿੰਘ

vii) 'ਪੇਮੀ ਦੇ ਨਿਆਣੇ' ਕਹਾਣੀ ਦਾ ਕਹਾਣੀਕਾਰ ਹੈ :

ੳ) ਗੁਰਬਚਨ ਸਿੰਘ ਭੁੱਲਰ ਅ) ਬਲਜਿੰਦਰ ਸਿੰਘ ਭੁੱਲਰ

ੲ) ਸੰਤ ਸਿੰਘ ਸੇਖੋਂ ਸ) ਸੰਤੋਖ ਸਿੰਘ ਧੀਰ

viii) 'ਔਹ ਗਏ – ਔਹ ਗਏ – ਸਾਰੇ ਡੱਬੇ 'ਚੋਂ ਰੂਹ ਨਿਕਲ ਗਈ, ਡੱਬਾ ਭਾਂ–ਭਾਂ ਕਰਨ ਲੱਗ ਪਿਆਂ ।' ਇਹ ਵਾਕ ਕਿਸ ਕਹਾਣੀ ਵਿੱਚੋਂ ਹਨ :

ੳ) ਦੁੱਧ ਦਾ ਛੱਮੜ ਅ) ਪਹੁਤਾ ਪਾਂਧੀ

ੲ) ਖ਼ੂਨ ਸ) ਸਾਂਝੀ ਕੰਧ

ix) 'ਪੁਲਿਸ ਬਦਮਾਸ਼ਾਂ ਨੂੰ ਨੱਥ ਪਾ ਕੇ ਰੱਖਦੀ ਹੈ' ।

ਉਪਰੋਕਤ ਵਾਕ ਵਿੱਚ ਆਏ ਬਹੁਅਰਥਕ ਸ਼ਬਦ 'ਨੱਥ' ਦਾ ਸਹੀ ਅਰਥ ਹੈ :

ੳ) ਨੱਕ ਦਾ ਗਹਿਣਾ ਅ) ਰੱਸੀ

ੲ) ਕਾਬੂ ਕਰਨਾ ਸ) ਹੱਥਕੜ੍ਹੀ

x) 'ਜਿਸਮ' ਸ਼ਬਦ ਦਾ ਸਮਾਨਾਰਥਕ ਸ਼ਬਦ ਚੁਣੋ :

ੳ) ਬਦਨ ਅ) ਜੀਵਨ

ੲ) ਜ਼ਿੰਦਗੀ ਸ) ਜਿੰਦ

xi) 'ਗਿੱਲਾ' ਸ਼ਬਦ ਦਾ ਸਹੀ ਵਿਰੋਧੀ ਸ਼ਬਦ ਹੈ :

ੳ) ਚਿੱਕੜ ਅ) ਪਾਣੀ

ੲ) ਸਲ੍ਹਾਬਾ ਸ) ਸੁੱਕਾ

xii) 'ਮਲਵਈ' ਉਪ-ਬੋਲੀ ਦੇ ਜਿਲ੍ਹਿਆਂ ਦਾ ਸਹੀ ਜੁੱਟ ਹੈ :

ੳ) ਲਾਹੌਰ-ਪਟਿਆਲਾ ਅ) ਮਾਨਸਾ-ਬਠਿੰਡਾ

ੲ) ਅੰਮ੍ਰਿਤਸਰ-ਫਿਰੋਜ਼ਪੁਰ ਸ) ਫ਼ਰੀਦਕੋਟ-ਪਠਾਨਕੋਟ

2. ਹੇਠ ਲਿਖੀਆਂ ਖਾਲੀ ਥਾਂਵਾਂ ਭਰੋ : **[6 × 1 = 6]**

i) ਮਨ ਤੂੰ ਜੋਤਿ ਸਰੂਪੁ ਹੈ.....॥

ii) ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ.....॥

iii) .....ਅਸਾਂ ਹੱਣ 'ਮਹਿਕ' ਦੀ ਲਾਈ ।

iv) ਪੰਜਾਹਵਿਆਂ ਦੇ ਅੰਤ ਵਿੱਚ ਕੁੱਲ ਦੁਨੀਆਂ 'ਚ.....ਹੋ ਗਈ ਸੀ ।

v) ਸੋਣਪੁਰੇ ਪਿੰਡ ਵੱਲ ਤੁਰਦਿਆਂ ਉਹਦੀਆਂ ਦੋਵੇਂ.....ਵਗ ਰਹੀਆਂ ਹਨ ।

vi) ਪਟਵਾਰੀ.....ਤੇ ਹੋਰ ਸਾਰੇ ਚੁੱਪ ਕਰਕੇ ਸੁਣਦੇ ਰਹੇ ।

3. ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ : **[12 × 1 = 12]**

i) 'ਜਗਤੁ ਜਲੰਦਾ ਰਖਿ ਲੈ' ਕਾਵਿ ਰਚਨਾ ਕਿਸ ਗੁਰੂ ਸਾਹਿਦ ਦੀ ਹੈ ?

ii) 'ਕਿਤੈ ਕੰਮਿ ਨਾ ਆਵਈ ਲਾਵਣੁ ਬਿਨ ਲੂਣੈ'- ਇਸ ਤੁਕ 'ਚ ਆਏ ਸ਼ਬਦ 'ਲਾਵਣੁ' ਦਾ ਅਰਥ ਹੈ ?

iii) ਸਭ ਮਹਿ ਜੋਤਿ ਜੋਤਿ ਹੈ ਸੋਇ ॥

ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ ॥

ਉਪਰੋਕਤ ਕਾਵਿ ਤੁਕ ਕਿਹੜੀ ਕਾਵਿ ਰਚਨਾ ਵਿੱਚੋਂ ਹੈ ?

iv) 'ਮੇਰੀ ਜਿੰਦੇ' ਕਵਿਤਾ ਵਿੱਚ ਕਵੀ ਕੀ ਕਹਿਣਾ ਚਾਹੁੰਦਾ ਹੈ ?

v) 'ਵਿਸਾਖੀ ਦਾ ਮੇਲਾ' ਕਵਿਤਾ ਵਿੱਚ ਕਿਹੜੇ-ਕਿਹੜੇ ਫ਼ਲਾਂ ਦਾ ਜ਼ਿਕਰ ਹੋਇਆ ਹੈ ?

vi) ਕੁੰਭਲਗੜ੍ਹ ਦਾ ਕਿਲ੍ਹਾ ਕਿਸ ਦੁਆਰਾ ਤਿਆਰ ਕਰਵਾਇਆ ਗਿਆ ?

vii) ਭਾਈ ਮਰਦਾਨਾ ਦਾ ਜਨਮ ਕਦੋਂ ਅਤੇ ਕਿੱਥੇ ਹੋਇਆ ?

viii) 'ਪਹੁਤਾ ਪਾਂਧੀ' ਕਹਾਣੀ ਵਿੱਚ ਗੱਡੀ ਕਿੱਥੋਂ-ਕਿੱਧਰ ਨੂੰ ਆ ਰਹੀ ਸੀ ?

ix) 'ਦੁੱਧ ਦਾ ਛੱਪੜਾ' ਕਹਾਣੀ ਵਿੱਚ ਲੁਹਾਰਾਂ ਦੇ ਮੁੰਡੇ ਕੀ ਕਰ ਰਹੇ ਸਨ ?

x) ਪੰਜਾਬੀ ਭਾਸ਼ਾ ਨੂੰ ਲਿਖਣ ਲਈ ਕਿਹੜੀ ਲਿਪੀ ਢੁਕਵੀਂ ਹੈ ?

xi) 'ਮੁਕਤਾ' ਲਗ ਵਾਲੇ ਚਾਰ ਸ਼ਬਦ ਲਿਖੋ ।

xii) 'ਅੱਧਕ' ਕਿਹੜੀ-ਕਿਹੜੀ ਲਗ ਨਾਲ ਆ ਸਕਦੀ ਹੈ ?

ਖੰਡ – ਅ

(4-15) ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ : **[12 × 2 = 24]**

ਆਦਤਾਂ ਬਹੁਤ ਹੱਦ ਤੀਕ ਸਾਡੇ ਆਚਰਨ ਅਤੇ ਸੁਭਾਉ ਦੀ ਤਸਵਰਿ ਹੁੰਦੀਆਂ ਹਨ । ਕਿਸੇ ਮਨੁੱਖ ਦੀਆਂ ਆਦਤਾਂ ਤੋਂ ਜਾਣੂ ਹੋ ਜਾਈਏ ਤਾਂ ਉਸ ਦੇ ਆਚਰਨ ਬਾਰੇ ਭਲੀ–ਭਾਂਤ ਅਨੁਮਾਨ ਲਾਇਆ ਜਾ ਸਕਦਾ ਹੈ । ਜਿਸ ਮਨੁੱਖ ਦੀਆਂ ਆਦਤਾਂ ਚੰਗੀਆਂ ਹੁੰਦੀਆਂ ਹਨ, ਉਸ ਤੋਂ ਹਮੇਸ਼ਾਂ ਚੰਗੇ ਵਰਤਾਓ ਦੀ ਉਮੀਦ ਕੀਤੀ ਜਾਂਦੀ ਹੈ । ਬੁਰੀਆਂ ਆਦਤਾਂ ਵਾਲੇ ਮਨੁੱਖਾਂ ਤੋਂ ਪਹਿਲਾਂ ਹੀ ਮਾੜੇ ਕੰਮਾਂ ਦੀ ਸੰਭਾਵਨਾ ਹੁੰਦੀ ਹੈ । ਇਸ ਤਰ੍ਹਾਂ ਇਹ ਕਹਿਣਾ ਅਤਿਕਥਨੀ ਨਹੀਂ ਹੈ ਕਿ ਮਨੁੱਖ ਦਾ ਬਹੁਤਾ ਜੀਵਨ ਉਸ ਦੀਆਂ ਆਦਤਾਂ ਦੀ ਧੁਰੀ ਦੁਆਲੇ ਹੀ ਘੁੰਮਦਾ ਹੈ ।

(4-8) ਉਪਰੋਕਤ ਪੈਰ੍ਹੇ ਨੂੰ ਪੜ੍ਹਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

4. ਉਪਰੋਕਤ ਪੈਰ੍ਹੇ ਦਾ ਢੁਕਵਾਂ ਸਿਰਲੇਖ ਲਿਖੋ ।

5. ਆਦਤਾਂ ਕਿਸ ਦੀ ਤਸਵੀਰ ਹੁੰਦੀਆਂ ਹਨ ?

6. ਮਨੁੱਖ ਦੇ ਆਚਰਨ ਦਾ ਅਨੁਮਾਨ ਕਿੱਥੋਂ ਲਾਇਆ ਜਾ ਸਕਦਾ ਹੈ ?

7. ਬੁਰੀਆਂ ਆਦਤਾਂ ਵਾਲੇ ਮਨੁੱਖ ਤੋਂ ਕੀ ਸੰਭਾਵਨਾ ਹੁੰਦੀ ਹੈ ?

8 . ਔਖੇ ਸ਼ਬਦਾਂ ਦੇ ਅਰਥ ਲਿਖੋ :

ਤਸਵੀਰ, ਆਚਰਨ, ਅਨੁਮਾਨ, ਉਮੀਦ

9. ਹੇਠ ਲਿਖੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ :

ਬੇਹਾ, ਨਰਕ, ਅਮਲੀ, ਸੁਧਰਨਾ

10. 'ਅਨੋਖਾ' ਅਤੇ 'ਸੁੰਦਰ' ਸ਼ਬਦਾਂ ਦੇ ਦੋ–ਦੋ ਸਮਾਨਾਰਥਕ ਸ਼ਬਦ ਲਿਖੋ ।

11. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋ ਕਿ ਹਰ ਇੱਕ ਦੇ ਦੋ–ਦੋ ਵੱਖੇਰ ਅਰਥ ਸਪੱਸ਼ਟ ਹੋ ਜਾਣਾ । (ਬਹੁ–ਅਰਥਕ ਸ਼ਬਦ)

ਵੱਟ, ਬੋਲੀ

12. 'ਪੋਠੋਹਾਰੀ' ਉਪ ਭਾਸ਼ਾ ਬੋਲਣ ਵਾਲੇ ਤਿੰਨ ਜਿਲ੍ਹਿਆਂ ਦੇ ਨਾਂ ਲਿਖੋ ।

13. 'ਮੂਰਖ ਨੋ ਅਸਵਾਰੀ' ਸਲੋਕ ਰਾਹੀਂ ਕੀ ਸਿੱਖਿਆ ਮਿਲਦੀ ਹੈ ?

14. 'ਰੁੱਖ' ਕਵਿਤਾ ਵਿੱਚ ਕਵੀ ਨੇ ਕਿਹੜੇ–ਕਿਹੜੇ ਰਿਸ਼ਤਿਆਂ ਦੀ ਗੱਲ ਕੀਤੀ ਹੈ ਅਤੇ ਉਹਨਾਂ ਬਾਰੇ ਕੀ ਵਿਚਾਰ ਪੇਸ਼ ਕੀਤੇ ਗਏ ਹਨ ?

15. ਕਰਤਾਰਾ ਤਲਵਾਰ ਲੈ ਕੇ ਕੀ ਕਰਨ ਚੱਲਿਆ ਸੀ ਅਤੇ ਕਿਉਂ ?

ਖੰਡ – ੲ

(16-19) ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ : **[4 × 3 = 12]**

16. ਫ਼ਰੀਦ ਜੀ ਦੇ ਸ਼ਲੋਕ ਪੜ੍ਹ ਕੇ ਕਿਹੜੇ-ਕਿਹੜੇ ਸਦਾਚਾਰਕ ਗੁਣ ਗ੍ਰਹਿਣ ਕਰਨ ਦੀ ਸਿੱਖਿਆ ਮਿਲਦੀ ਹੈ ?

ਜਾਂ

ਕਵਿੱਤਰੀ ਵਾਰਸ਼ ਸ਼ਾਹ ਨੂੰ ਕਿਉਂ ਯਾਦ ਕਰਦੀ ਹੈ ਅਤੇ ਉਸਨੂੰ ਕੀ ਕਰਨ ਲਈ ਕਹਿੰਦੀ ਹੈ ?

17. 'ਭਾਈ ਮਰਦਾਨਾ ਜੀ' ਨਿਬੰਧ ਦਾ ਸਾਰ ਲਿਖੋ ।

ਜਾਂ

ਰਾਜਸਥਾਨ ਦੇ ਕਿਲ੍ਹਿਆਂ ਦੀਆਂ ਕੀ-ਕੀ ਵਿਸ਼ੇਸ਼ਤਾਵਾਂ ਹਨ ?

18. ਮਹਾਰਾਜਾ ਗੰਗਾ ਸਿੰਘ ਰਾਜਗੱਦੀ ਉੱਪਰ ਕਦੋਂ ਬੈਠਾ ਅਤੇ ਉਸਦੇ ਰਾਜ ਸਮੇਂ ਆਵਾਜਾਈ ਦੇ ਸਾਧਨਾਂ ਦੀ ਕੀ ਸਥਿਤੀ ਸੀ ?

ਜਾਂ

ਮਿਲਖਾ ਸਿੰਘ ਦਾ ਪਰਿਵਾਰਿਕ ਪਿਛੋਕੜ ਕੀ ਸੀ ਅਤੇ ਸੰਨ 1947 ਦੀ ਵੰਡ ਸਮੇਂ ਉਸਦੇ ਪਰਿਵਾਰ 'ਤੇ ਕੀ ਬੀਤਦੀ ਹੈ ?

19. 'ਖ਼ੂਨ' ਕਹਾਣੀ ਦਾ ਸੰਖੇਪ ਸਾਰ ਲਿਖੋ ।

ਜਾਂ

'ਮੇਜਰ ਸਾਹਿਬ' ਦੀ ਪਾਤਰ ਉਸਾਰੀ ਕਰੋ ।

ਖੰਡ – ਸ

(20-22) ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ : **[4 + 4 + 6 = 14]**

20. ਨਾ ਤਿਸ ਭਾਰੇ ਪਰਬਤਾਂ ਅਸਮਾਨ ਖਹੰਦੇ ।
ਨਾ ਤਿਸ ਭਾਰੇ ਕੋਟ ਗੜ੍ਹ ਘਰ ਬਾਰ ਦਿਸੰਦੇ ।
ਨਾ ਤਿਸ ਭਾਰੇ ਸਾਇਰਾਂ ਨਦ ਵਾਹ ਵਹੰਦੇ ।
ਨਾ ਤਿਸ ਭਾਰੇ ਤਰੁਵਰਾਂ ਫਲ ਸੁਫਲ ਫਲੰਦੇ ।
ਨਾ ਤਿਸ ਭਾਰੇ ਜੀਅਜੰਤ ਅਣਗਣਤ ਫਿਰੰਦੇ ।।
ਭਾਰੇ ਭੁਈਂ ਅਕਿਰਤਘਣ ਮੰਦੀ ਹੂ ਮੰਦੇ ।

i) ਉਪਰੋਕਤ ਕਾਵਿ-ਬੰਦ ਦਾ ਪ੍ਰਸੰਗ ਲਿਖੋ ।

ii) ਉਪਰੋਕਤ ਕਾਵਿ-ਬੰਦ ਦੀ ਸਰਲ ਵਿਆਖਿਆ ਕਰੋ ।

iii) 'ਨਾ ਤਿਸ ਭਾਰੇ ਕੋਟ ਗੜ੍ਹ ਘਰ ਬਾਰ ਦਸੰਦੇ' ਕਾਵਿ ਸਤਰ ਦਾ ਭਾਵ ਲਿਖੋ ।

iv) ਔਖੇ ਸ਼ਬਦਾਂ ਦੇ ਅਰਥ ਲਿਖੋ :
ਸਾਇਰਾਂ, ਤਰਵਰ, ਭੁਈਂ, ਅਕਿਰਤਘਣ

ਜਾਂ

ਮਾਂ ਵਰਗਾ ਘਣ-ਛਾਂਵਾਂ ਬੂਟਾ,
ਮੈਨੂੰ ਨਜ਼ਰ ਨਾ ਆਏ ।
ਲੈ ਕੇ ਜਿਸ ਤੋਂ ਛਾਂ ਉਧਾਰੀ,
ਰੱਬ ਨੇ ਸੁਰਗ ਬਣਾਏ ।
ਬਾਕੀ ਕੁੱਲ ਦੁਨੀਆਂ ਦੇ ਬੂਟੇ,
ਜਾੜ੍ਹ ਸੁੱਕਿਆਂ ਮੁਰਝਾਂਦੇ,
ਐਪਰ ਫੁੱਲਾਂ ਦੇ ਮੁਰਝਾਇਆਂ,
ਇਹ ਬੂਟਾ ਸੁਕ ਜਾਏ ।

i) ਉਪਰੋਕਤ ਕਾਵਿ-ਬੰਦ ਦਾ ਪ੍ਰਸੰਗ ਲਿਖੋ ।

ii) ਉਪਰੋਕਤ ਕਾਵਿ-ਬੰਦ ਦੀ ਸਰਲ ਵਿਆਖਿਆ ਕਰੋ ।

iii) ਫੁੱਲਾਂ ਦੇ ਮੁਰਝਾਇਆਂ ਮਾਂ ਰੂਪੀ ਬੂਟਾ ਕਿਉਂ ਸੁਕਦਾ ਹੈ ?

iv) ਔਖੇ ਸ਼ਬਦਾਂ ਦੇ ਅਰਥ ਦੱਸੋ :
ਘਣ-ਛਾਂਵਾਂ, ਮੁਰਝਾਂਦੇ, ਸੁਰਗ, ਦੁਨੀਆਂ ।

21. ਆਪਣੇ ਸਕੂਲ ਦੇ ਮੁੱਖ ਅਧਿਆਪਕ ਨੂੰ ਸਕੂਲ ਦੀ ਲਾਇਬਰੇਰੀ ਵਿੱਚ ਪੰਜਾਬੀ ਦੇ ਸਿਲੇਬਸ ਨਾਲ ਸੰਬੰਧਿਤ ਸਹਾਇਕ ਪੁਸਤਕਾਂ ਉਪਲਭਧ ਕਰਵਾਉਣ ਬਾਬਤ ਬਿਨੈ-ਪੱਤਰ ਲਿਖੋ ।

ਜਾਂ

ਆਪਣੇ ਪਿਤਾ ਜੀ ਨੂੰ ਪੱਤਰ ਰਾਹੀਂ ਆਪਣੇ ਸਕੂਲ ਵਿੱਚ ਮਨਾਏ ਗਏ ਸਲਾਨਾ ਉਤਸਵ ਦਾ ਹਾਲ ਲਿਖੋ :

22. ਕਿਸੇ ਇੱਕ ਵਿਸ਼ੇ ਉਪੱਰ ਲੇਖ ਲਿਖੋ :

ਕਿਸੇ ਇਤਿਹਾਸਕ ਸਥਾਨ ਦੀ ਯਾਤਰਾ

ਜਾਂ

ਦਿਵਾਲੀ ਅੰਮ੍ਰਿਤਸਰ ਦੀ

ਜਾਂ

ਪੰਜਾਬ ਦੀਆਂ ਪੇਂਡੂ ਖੇਡਾਂ

DO NOT WRITE ANYTHING HERE